# ਪ੍ਰਭੂ ਦਾ ਦਿਨ

ਓਵਨ ਡੀ. ਆਲਬ੍ਰਟ

## (ਪ੍ਰਕਾਸ਼ ਦੀ ਪੋਥੀ 1:10)

ਇਸਰਾਏਲ ਨੂੰ ਮਿਸਰ ਦੀ ਗੁਲਾਮੀ 'ਚੋਂ ਕੱਢਣ ਦਾ ਦਿਨ ਯਾਦ ਰੱਖਣਾ ਸੀ। ਭਲਾ ਮਸੀਹੀ ਲੋਕਾਂ ਨੂੰ ਗ਼ੁਲਾਮੀ 'ਚੋਂ ਕੱਢਣ ਦਾ ਦਿਨ ਯਾਦ ਰੱਖਣ ਲਈ ਕਿਹਾ ਗਿਆ ਸੀ? ਭਲਾ ਮਸੀਹੀ ਲੋਕਾਂ ਨੂੰ ਸੱਬਤ, ਭਾਵ ਇਸਰਾਏਲ ਦੇ ਅਰਾਮ ਦਾ ਦਿਨ ਮਨਾਉਣਾ ਚਾਹੀਦਾ ਹੈ ਜਾਂ ਉਨ੍ਹਾਂ ਦਾ ਆਪਣਾ ਇਕ ਖ਼ਾਸ ਦਿਨ ਹੈ ਜਿਸ ਵਿਚ ਉਹ ਉਸ ਨੂੰ ਯਾਦ ਰੱਖਣ ਜਿਸ ਨੇ ਉਨ੍ਹਾਂ ਨੂੰ ਆਪਣੀ ਮੌਤ ਅਤੇ ਜੀ ਉੱਠਣ ਦੇ ਰਾਹੀਂ ਛੁਟਕਾਰਾ ਦੁਆਇਆ?

ਮਸੀਹੀ ਲੋਕਾਂ ਲਈ ਦਿਨ ਮਨਾਉਣ ਦੇ ਸਬੂਤ (1) ਨਵੇਂ ਨੇਮ ਦੀ ਸਿੱਖਿਆ (2) ਅਰੰਭਿਕ ਕਲੀਸੀਆ ਵੱਲੋਂ ਵਰਤੇ ਜਾਂਦੇ ''ਪ੍ਰਭੂ ਦਾ ਦਿਨ'' ਦੇ ਅਰਥ ਜਾਂ (3) ਅਰੰਭਿਕ ਮਸੀਹੀ ਅਤੇ ਗ਼ੈਰ ਮਸੀਹੀ ਲੋਕਾਂ ਦੇ ਇਤਿਹਾਸਕ ਦਸਤਾਵੇਜ਼ ਵਿਚ ਮਿਲਦੇ ਹਨ। ਜੇ ਅਰੰਭਿਕ ਮਸੀਹੀ ਸਤਵੇਂ ਦਿਨ ਇਕੱਠੇ ਹੁੰਦੇ ਸਨ, ਤਾਂ ਇਹਦਾ ਮਕਸਦ ਸੱਬਤ ਦੇ ਦਿਨ ਯਹੂਦੀ ਸਭਾਵਾਂ ਤੋਂ ਫ਼ਰਕ ਹੋਵੇਗਾ।

ਯਿਸੂ ਦੇ ਵਕਤ ਯਹੂਦੀ ਲੋਕ ਸੱਬਤ ਦੇ ਦਿਨ ਇਕੱਠੇ ਹੁੰਦੇ ਸਨ। ਇਸ ਦਿਨ ਇਕੱਠੇ ਹੋਣਾ ਅਸਾਨ ਸੀ ਕਿਉਂਕਿ ਇਸ ਦਿਨ ਉਹ ਕੋਈ ਕੰਮ ਨਹੀਂ ਕਰਦੇ ਸਨ। ''ਸਿਨਾਗੋਗ ਦਾ ਮੁੱਖ ਮਕਸਦ ਮੰਡਲੀ ਦੇ ਰੂਪ ਵਿਚ ਬੰਦਗੀ ਕਰਨਾ ਨਹੀਂ, ਬਲਕਿ ਬਾਈਬਲ ਵਿੱਚੋਂ ਹਦਾਇਤ ਦੇਣਾ ਹੁੰਦਾ ਸੀ।''[1]

### ਨਵੇਂ ਨੇਮ ਦੇ ਹਵਾਲੇ

ਮਸੀਹੀ ਲੋਕ ਸੱਬਤ ਵਾਲੇ ਦਿਨ ਇਕੱਠੇ ਨਹੀਂ ਹੁੰਦੇ ਸਨ। ਉਹ ਸੱਬਤ ਦੇ ਅਗਲੇ ਦਿਨ ਭਾਵ ਯਿਸੂ ਦੀ ਮੌਤ ਅਤੇ ਜੀ ਉੱਠਣ ਨੂੰ ਯਾਦ ਕਰਨ ਲਈ ਜਮ੍ਹਾਂ ਹੁੰਦੇ ਸਨ।

ਮਸੀਹੀ ਲੋਕਾਂ ਦੇ ਖ਼ਾਸ ਦਿਨ ਇਕੱਠੇ ਹੋਣ ਦਾ ਇੱਕੋ ਇਕ ਹਵਾਲਾ ਰਸੂਲਾਂ ਦੇ ਕੰਮ 20:7 ਵਿਚ ਮਿਲਦਾ ਹੈ:

> ਹਫ਼ਤੇ ਦੇ ਪਹਿਲੇ ਦਿਨ ਜਾਂ ਅਸੀਂ ਰੋਟੀ ਤੋੜਨ ਲਈ ਇਕੱਠੇ ਹੋਏ ਤਾਂ ਪੌਲੁਸ ਨੇ ਜੋ ਅਗਲੇ ਭਲਕ ਤੁਰ ਜਾਣ ਨੂੰ ਤਿਆਰ ਸੀ ਉਨ੍ਹਾਂ ਨੂੰ ਵਚਨ ਸੁਣਾਇਆ ਅਤੇ ਉਹ ਅੱਧੀ ਰਾਤ ਤਾਈਂ ਉਪਦੇਸ਼ ਕਰਦਾ ਰਿਹਾ (ਰਸੂਲਾਂ ਦੇ ਕੰਮ 20:7)।

ਪੌਲੁਸ ਨੂੰ ਭਾਵੇਂ ਪੈਂਟੀਕਾਸਟ ਦੇ ਪਰਬ ਲਈ ਸਮੇਂ ਸਿਰ ਪਹੁੰਚਣ ਦੀ ਛੇਤੀ ਸੀ (ਰਸੂਲਾਂ ਦੇ ਕੰਮ 20:16) ਪਰ ਉਸ ਨੇ ਤ੍ਰੋਆਸ ਵਿਚ ਪੂਰਾ ਇਕ ਹਫ਼ਤਾ ਉਡੀਕ ਕੀਤੀ (ਰਸੂਲਾਂ ਦੇ ਕੰਮ 20:6) ਤਾਂ ਜੋ ਉਹ ਮਸੀਹੀ ਲੋਕਾਂ ਦੇ ਇਕੱਠੇ ਹੋਣ ਤੇ ਭਾਵ ਹਫ਼ਤੇ ਦੇ ਪਹਿਲੇ ਦਿਨ ਉਨ੍ਹਾਂ ਨੂੰ ਮਿਲ ਸਕੇ। ਜਦ ਉਹ ਰੋਟੀ ਤੋੜਨ ਲਈ ਇਕੱਠੇ ਹੋਏ, ਤਾਂ ਉਸ ਨੂੰ ਉਨ੍ਹਾਂ ਨੂੰ ਵਚਨ ਸੁਣਾਉਣ

ਦਾ ਮੌਕਾ ਮਿਲ ਗਿਆ। ਐੱਫ਼. ਐੱਫ਼. ਬਰੂਸ ਨੇ ਲਿਖਿਆ ਹੈ:

> ਇਹ ਗੱਲ ਕਿ ਤ੍ਰੋਆਸ ਵਿਚ ਮੁਸਾਫ਼ਰ ਅਤੇ ਉਸ ਬੰਦਰਗਾਹ ਤੇ ਰਹਿਣ ਵਾਲੇ ਉਨ੍ਹਾਂ ਦੇ ਸਾਥੀ ਮਸੀਹੀ ''ਹਫ਼ਤੇ ਦੇ ਪਹਿਲੇ ਦਿਨ'' ਰੋਟੀ ਤੋੜਨ ਲਈ ਇਕੱਠੇ ਹੋਏ, ਉਸ ਦਿਨ ਬੰਦਗੀ ਲਈ ਇਕੱਠੇ ਹੋਣ ਦੀ ਮਸੀਹੀ ਰਵਾਇਤ ਦਾ ਅੰਰਭਿਕ ਸਪੱਸ਼ਟ ਸਬੂਤ ਹੈ।[2]

ਸਾਈਮਨ ਜੇ. ਕਿਸਟਮੇਕਰ ਮੰਨਦਾ ਹੈ:

> ''ਹਫ਼ਤੇ ਦੇ ਪਹਿਲੇ ਦਿਨ''(ਭਾਵ ਐਤਵਾਰ; ਐਤਵਾਰ ਦੀ ਬੰਦਗੀ ਲਈ ਨਵੇਂ ਨੇਮ ਦਾ ਇਹ ਪਹਿਲਾ ਹਵਾਲਾ ਹੈ) ਮਸੀਹੀ ਲੋਕ ਪ੍ਰਭੂ-ਭੋਜ ਮਨਾਉਣ ਲਈ ਇਕੱਠੇ ਹੁੰਦੇ ਸਨ, ਜੋ ਸਮੂਹਿਕ ਭੋਜ ਭਾਵ ''ਪ੍ਰੀਤੀ ਭੋਜ'' ਦੇ ਬਾਅਦ ਹੁੰਦਾ ਸੀ। ਰਸੂਲਾਂ ਦੇ ਕੰਮ ਵਿਚ, ਰੋਟੀ ਤੋੜਨ ਤੋਂ ਭਾਵ ਸੰਗਤੀ ਕਰਨਾ ਹੈ ...।[3]

ਵਿੱਲੀ ਰੌਰਡਰਫ਼ ਨੇ ਲਿਖਿਆ ਹੈ, ''ਯਕੀਨਨ ਹੀ, ਰਸੂਲਾਂ ਦੇ ਕੰਮ 20:7 ਵਿਚ ਰੋਟੀ ਤੋੜਨ ਤੋਂ ਭਾਵ 'ਪ੍ਰਭੂ ਭੋਜ' ਤੋਂ ਇਲਾਵਾ ਹੋਰ ਨਹੀਂ ਹੈ।''[4]

ਜੇ. ਡਬਲਊ. ਮੈਕਗਰਵੇ ਨੇ ਠੀਕ ਹੀ ਲਿਖਿਆ ਹੈ:

> ਇਹ ਆਇਤ ਵਿਖਾਉਂਦੀ ਹੈ ਕਿ ਹਫ਼ਤੇ ਦਾ ਪਹਿਲਾ ਦਿਨ ਹੀ ਉਹ ਦਿਨ ਸੀ ਜਿਸ ਵਿਚ ਚੇਲੇ ਰੋਟੀ ਤੋੜਦੇ ਸਨ ਅਤੇ ਉਸ ਦਿਨ ਇਕੱਠੇ ਹੋਣ ਦਾ ਮੁੱਖ ਉਦੇਸ਼ ਇਸ ਰੀਤ ਨੂੰ ਪੂਰਾ ਕਰਨਾ ਸੀ। ਇਸ ਮੌਕੇ ਤੇ ਪੌਲੁਸ ਦਾ ਪ੍ਰਚਾਰ ਕਰਨਾ ਇਕ ਸੰਜੋਗ ਸੀ। ਪ੍ਰਭੂ ਭੋਜ ਦੀ ਮੂਲ ਸਥਾਪਨਾ ਵਿਚ, ਇਸ ਸਬੰਧ ਵਿਚ ਕੁਝ ਵੀ ਨਹੀਂ ਕਿਹਾ ਗਿਆ ਸੀ ਕਿ ਇਹ ਕਦੋਂ ਲਿਆ ਜਾਣਾ ਚਾਹੀਦਾ ਹੈ। ਪ੍ਰਭੂ ਦੇ ਸ਼ਬਦ ਸਨ, ''ਜਦ ਕਦੇ ਤੁਸੀਂ ਇਹ ਨੂੰ ਪੀਓ ਤਾਂ ਮੇਰੀ ਯਾਦਗਾਰੀ ਲਈ ਇਹੀ ਕਰਿਆ ਕਰੋ'' [1 ਕੁਰਿੰਥੀਆਂ 11:25]। ਜੇ ਕੁਝ ਵੀ ਨਾ ਕਿਹਾ ਗਿਆ ਹੁੰਦਾ, ਤਾਂ ਵਿਸ਼ਵਾਸੀਆਂ ਦੀ ਹਰ ਮੰਡਲੀ ਖ਼ੁਦ ਫ਼ੈਸਲਾ ਲੈ ਸਕਦੀ ਸੀ ਕਿ ਇਸ ਨੂੰ ਕਦ ਲਿਆ ਜਾਵੇ। ਪਰ ਬਾਅਦ ਵਿਚ ਪਵਿੱਤਰ ਆਤਮਾ ਦੀ ਅਗਵਾਈ ਲਈ ਆਪਣਾ ਨਮੂਨਾ ਦਿੱਤਾ। ਇਸ ਵਿਸ਼ੇ ਤੇ ਬਹੁਤ ਘੱਟ ਕਿਹਾ ਗਿਆ ਹੈ, ਪਰ ਜਿੰਨਾ ਵੀ ਕਿਹਾ ਗਿਆ ਹੈ ਉਹ ਹਫ਼ਤੇ ਵਿਚ ਇਸ ਦੇ ਇਕ ਵਾਰ ਲੈਣ ਦੇ ਪੱਖ ਵਿਚ ਫ਼ੈਸਲਾਕੁੰਨ ਹੈ।[5]

ਰਸੂਲਾਂ ਦੇ ਕੰਮ 20:7 ਤੋਂ ਸਾਫ਼ ਪਤਾ ਲਗਦਾ ਹੈ ਕਿ ਮਸੀਹੀ ਲੋਕ ਰੋਟੀ ਤੋੜਨ ਲਈ ਖ਼ਾਸ ਤੌਰ ਤੇ ਜਮ੍ਹਾ ਹੁੰਦੇ ਸਨ ਜੋ ਕਿ ਪ੍ਰਭੂ-ਭੋਜ ਦਾ ਅਪ੍ਰਤੱਖ ਸੰਕੇਤ ਹੈ। ਉਹ ਬੰਦਗੀ ਲਈ ਬਾਕੀ ਸਮਿਆਂ ਤੇ ਜਮ੍ਹਾਂ ਹੁੰਦੇ ਸਨ, ਪਰ ਉਨ੍ਹਾਂ ਲਈ ਐਤਵਾਰ ਇਕ ਖ਼ਾਸ ਦਿਨ ਭਾਵ ਪ੍ਰਭੂ ਦਾ ਦਿਨ ਸੀ।

ਇਕ ਹੋਰ ਆਇਤ ਸੰਕੇਤ ਦਿੰਦੀ ਹੈ ਮਸੀਹੀ ਲੋਕ ਐਤਵਾਰ ਦੇ ਦਿਨ ਇਕੱਠੇ ਹੁੰਦੇ ਸਨ: ''ਹੁਣ ਉਹ ਚੰਦੇ ਬਾਰੇ ਜਿਹੜਾ ਸੰਤਾਂ ਲਈ ਹੈ ਜਿਵੇਂ ਮੈਂ ਗਲਾਤੀਆਂ ਦੀਆਂ ਕਲੀਸੀਆਵਾਂ ਨੂੰ ਆਗਿਆ ਦਿੱਤੀ ਸੀ ਤਿਵੇਂ ਤੁਸੀਂ ਵੀ ਕਰੋ। ਹਰ ਹਫ਼ਤੇ ਦੇ ਪਹਿਲੇ ਦਿਨ ਤੁਹਾਡੇ ਵਿੱਚੋਂ ਹਰੇਕ ਆਪਣੇ ਔਕਾਤ ਅਨੁਸਾਰ ਵੱਖ ਕਰ ਕੇ ਆਪਣੇ ਕੋਲ ਰੱਖ ਛੱਡੇ ਭਈ ਜਦ ਮੈਂ ਆਵਾਂ ਤਦ

ਉਗਰਾਹੀ ਨਾ ਕਰਨੀ ਪਵੇ'' (1 ਕੁਰਿੰਥੀਆਂ 16:1, 2)।

ਇਸ ਵਾਕ ਤੋਂ ਚਾਰ ਨਿਚੋੜ ਕੱਢੇ ਜਾ ਸਕਦੇ ਹਨ:

(1) ਜਿਹੜਾ ਕੰਮ ਕਰਨ ਦੀ ਆਗਿਆ ਪੌਲੁਸ ਕੁਰਿੰਥੁਸ ਦੀ ਕਲੀਸੀਆ ਨੂੰ ਦੇ ਰਿਹਾ ਸੀ ਉਹ ਸਿਰਫ਼ ਉਨ੍ਹਾਂ ਲਈ ਹੀ ਨਹੀਂ, ਬਲਕਿ ਬਾਕੀ ਕਲੀਸੀਆਵਾਂ ਲਈ ਵੀ ਸੀ।

(2) ਲੋੜਵੰਦਾਂ ਲਈ ਚੰਦਾ ਹਰ ਹਫ਼ਤੇ ਦੇ ਪਹਿਲੇ ਦਿਨ ਲਿਆ ਜਾਣਾ ਸੀ ਤਾਂ ਜੋ ਪੌਲੁਸ ਦੇ ਆਉਣ ਤੇ ਉਸ ਨੂੰ ਇੱਧਰ ਉਧਰ ਘੁੰਮਣ ਦੀ ਲੋੜ ਨਾ ਪਵੇ।

(3) ਐਤਵਾਰ ਦਾ ਦਿਨ ਚੁਣਿਆ ਗਿਆ ਕਿਉਂਕਿ ਇਹੀ ਉਹ ਦਿਨ ਸੀ ਜਦ ਮਸੀਹੀ ਲੋਕ ਇਕ ਜਗ੍ਹਾ ਇਕੱਠੇ ਹੁੰਦੇ ਸਨ। ਇਕੱਠੇ ਹੋਣ ਤੇ ਉਹ ਆਪਣੀ ਆਮਦਨੀ ਮੁਤਾਬਕ ਚੰਦਾ ਦੇ ਸਕਦੇ ਸਨ।

(4) ਇਕੱਠੇ ਹੋਣ ਦੇ ਦਿਨ ਦੇ ਰੂਪ ਵਿਚ ਹਫ਼ਤੇ ਦਾ ਪਹਿਲਾ ਦਿਨ ਖ਼ਾਸ ਅਹਿਮੀਅਤ ਰੱਖਦਾ ਹੋਵੇਗਾ, ਨਹੀਂ ਤਾਂ ਕੋਈ ਹੋਰ ਵੀ ਦਿਨ ਚੁਣਿਆ ਜਾ ਸਕਦਾ ਸੀ।

## ਪ੍ਰਭੂ ਦਾ ਦਿਨ

ਪ੍ਰਕਾਸ਼ ਦੀ ਪੋਥੀ 1:10 ਵਿਚ ਯੂਹੰਨਾ ਵੱਲੋਂ ''ਪ੍ਰਭੂ ਦਾ ਦਿਨ'' ਸ਼ਬਦ ਦੀ ਵਰਤੋਂ ਇਹ ਅਰਥ ਦਿੰਦੀ ਹੈ ਕਿ ਯਿਸੂ ਨੂੰ ਵਡਿਆਈ ਦੇਣ ਲਈ ਅਰੰਭਿਕ ਕਲੀਸੀਆ ਨੇ ਇਕ ਖ਼ਾਸ ਦਿਨ ਰੱਖਿਆ ਹੋਇਆ ਸੀ। 'ਪ੍ਰਭੂ ਦਾ ਦਿਨ'' (ਯੂ.: *te kuriake* [ਜਾਂ *kyriake*] *hemera)* ''ਪ੍ਰਭੂ ਦੇ ਦਿਨ'' (ਯੂ.: *hemera tou hyriou*) ਵਾਂਗ ਨਹੀਂ ਹੈ ਜਿਸ ਦੀ ਵਰਤੋਂ ਉਹ ਕਿਸੇ ਵੀ ਦਿਨ ਲਈ ਕੀਤਾ ਜਾਂਦਾ ਹੈ ਜਦ ਖ਼ੁਦਾ ਆਪਣਾ ਬਦਲਾ ਲੈਣ ਅਤੇ ਨਾਸ ਕਰਨ ਲਈ ਆਪਣਾ ਗੁੱਸਾ ਵਿਖਾਵੇਗਾ (2 ਪਤਰਸ 3:10)।

*Kuriake* ਸਬੰਧਵਾਚਕ ਨਾਂਉਂ ਨਾ ਹੋ ਕੇ ਇਕ ਵਿਸ਼ੇਸ਼ਣ ਹੈ ਜਿਸ ਦੀ ਵਰਤੋਂ ਪ੍ਰਭੂ ਦੀ ਵਡਿਆਈ ਲਈ ਹੁੰਦੀ ਹੈ। ਇਹ ''ਝੰਡਾ ਦਿਵਸ'' ''ਸ਼ਾਹੀ ਦਿਵਸ'' ਅਤੇ ''ਅਜ਼ਾਦੀ ਦਿਵਸ'' ਵਾਂਗ ਹੀ ਹੈ। ਵਿਸ਼ੇਸ਼ਣ ਦੇ ਰੂਪ ਵਿਚ, ਵਰਤੇ ਗਏ ਦਿਨ ਨਾਉਂ ਤੋਂ ਪਤਾ ਲੱਗਦਾ ਕਿ ਅਜਿਹੇ ''ਝੰਡਾ ਦਿਵਸ,'' ''ਅਜ਼ਾਦੀ ਦਿਹਾੜਾ'' ਵਰਗੇ ਦਿਨਾਂ ਨੂੰ ਝੰਡੇ, ਬਾਦਸ਼ਾਹਤ ਅਤੇ ਅਜ਼ਾਦੀ ਦੇ ਸਨਮਾਨ ਲਈ ਵੱਖ ਕੀਤੇ ਗਏ ਹਨ। ਇਹ ਯਹੂਦੀਆਂ ਦੇ ਸੱਬਤ ਵਾਂਗ ਦਿਨ ਨਹੀਂ ਹੈ, ਜਿਸ ਨੂੰ ਮਿਸਰੀ ਗ਼ੁਲਾਮੀ ਤੋਂ ਛੁਡਾਏ ਜਾਣ ਦੀ ਯਾਦਗਾਰੀ ਵਿਚ ਆਰਾਮ ਲਈ ਵੱਖ ਰੱਖਿਆ ਗਿਆ ਸੀ।

''ਪ੍ਰਭੂ ਦਾ ਦਿਨ'' (ਵਿਸ਼ੇਸ਼ਣ ਹੋਣ ਕਰਕੇ ਇਸ ਵਿਚ ਸਬੰਧਵਾਚਕ ਦੀ ਲੋੜ ਨਹੀਂ ਹੈ), ਜਾਂ ''ਇੰਪੀਰੀਅਲ ਡੇ'' (ਜਿਵੇਂ ਇੰਟਰਲੀਨੀਅਰ ਵਰਜ਼ਨ ਵਿਚ ਅਨੁਵਾਦ ਕੀਤਾ ਗਿਆ ਹੈ),[6] ਉਹ ਖ਼ਾਸ ਦਿਨ ਹੈ ਜਿਸ ਨੂੰ ਪ੍ਰਭੂ ਦੇ ਆਦਰ ਅਤੇ ਉਸ ਦੀ ਯਾਦ ਲਈ ਵੱਖਰਾ ਠਹਿਰਾਇਆ ਗਿਆ ਸੀ।

ਨਵੇਂ ਨੇਮ ਵਿਚ ਵਿਸ਼ੇਸ਼ਣ ਸ਼ਬਦ ''ਪ੍ਰਭੂ'' ਭਾਵ *kuriake* ਸਿਰਫ਼ ਇਕ ਹੋਰ ਵਾਰ ਆਉਂਦਾ ਹੈ, ਅਤੇ ਉੱਥੇ ਇਸ ਦੀ ਵਰਤੋਂ ਪ੍ਰਭੂ ਦੇ ਸਨਮਾਨ ਅਤੇ ਯਾਦ ਵਿਚ ਭੋਜ ਲਈ ਹੈ (1 ਕੁਰਿੰਥੀਆਂ 11:20-26)। ਇਹ ਭੋਜ ਉਸ ਖ਼ਾਸ ਦਿਨ ਲਿਆ ਜਾਂਦਾ ਸੀ ਜਿਸ ਨੂੰ ਉਸਦੇ ਸਨਮਾਨ ਵਿਚ ਵੱਖ ਕੀਤਾ ਗਿਆ ਸੀ।

ਨਵੇਂ ਨੇਮ ਦੇ ਬਾਹਰ *te kuriake hemera* ਦੀ ਵਰਤੋਂ ਸਿਰਫ਼ ਐਤਵਾਰ ਭਾਵ ਹਫ਼ਤੇ ਦੇ ਪਹਿਲੇ ਦਿਨ ਲਈ ਕੀਤੀ ਜਾਂਦੀ ਹੈ। ਉਹ ਇਸ ਤੱਥ ਦੀ ਅਹਿਮੀਅਤ ਨੂੰ ਹੋਰ ਵਧਾ ਦਿੰਦਾ ਹੈ ਕਿ ਪ੍ਰਕਾਸ਼ ਦੀ ਪੋਥੀ 1:10 ਵਿਚ, ਯੂਹੰਨਾ ਐਤਵਾਰ ਭਾਵ ਹਫ਼ਤੇ ਦੇ ਪਹਿਲੇ ਦਿਨ ਆਤਮਾ

ਵਿਚ ਸੀ। ਹਫ਼ਤੇ ਦੇ ਇਸੇ ਦਿਨ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ (ਮੱਤੀ 28:1; ਮਰਕੁਸ 16:1, 2; ਲੂਕਾ 24:1) ਅਤੇ ਮਸੀਹੀ ਲੋਕ ਇਕੱਠੇ ਹੁੰਦੇ ਸਨ।

## ਮੁੱਢਲਾ ਮਸੀਹੀ ਸਾਹਿਤ

ਜ਼ਿਆਦਾਤਰ ਵਿਦਵਾਨ ਨਿਚੋੜ ਕੱਢਦੇ ਹਨ ਕਿ ''ਪ੍ਰਭੂ ਦਾ ਦਿਨ'' ਐਤਵਾਰ ਨੂੰ ਹੀ ਕਿਹਾ ਗਿਆ ਹੈ। ਇਹ ਨਿਚੋੜ ਦੂਜੀ ਸਦੀ ਦੇ ਸਾਹਿਤ ਵਿਚ ਐਤਵਾਰ ਬਾਰੇ ਵਰਤੇ ਗਏ ਵਾਕ ਅੰਸ਼ ਦੇ ਬਾਰ-ਬਾਰ ਆਉਣ ਕਰਕੇ ਕੱਢਿਆ ਜਾਂਦਾ ਹੈ।[7] ਉਦਾਹਰਣ ਲਈ, 180ਈਸਵੀ ਦੇ ਲਗਭਗ ਲਿਖੀ ਗਈ *ਗੌਸਪਲ ਆਫ਼ ਪੀਟਰ* ਵਿਚ ਕਥਨ ਹੈ: ''ਪ੍ਰਭੂ ਦੇ ਦਿਨ ਮੂੰਹ ਅਨ੍ਹੇਰੇ ਹੀ ਪ੍ਰਭੂ ਦੀ ਇਕ ਚੇਲੀ ਮਰੀਅਮ ਮਗਦਲੀਨੀ ... ਕਬਰ 'ਤੇ ਆਈ।''[8] 190ਈਸਵੀ ਦੇ ਕਰੀਬ ਕਲੇਮੈਂਟ ਆਫ਼ ਅਲੈਗਜ਼ੈਂਡਰੀਆ ਨੇ ਲਿਖਿਆ ਸੀ, ''ਜਦ ਵੀ ਉਹ ਬੁਰੇ ਮਨ ਨੂੰ ਕੱਢਦਾ ਹੈ, ਉਹ ਆਪਣੇ ਆਪ ਵਿਚ ਪ੍ਰਭੂ ਦੇ ਜੀ ਉੱਠਣ ਦੀ ਵਡਿਆਈ ਕਰਦਾ ਹੋਇਆ ... ਇੰਜੀਲ ਦੇ ਅਨੁਸਾਰ ਆਗਿਆ ਮੰਨਦਿਆਂ ਹੋਇਆਂ ਪ੍ਰਭੂ ਦਾ ਦਿਨ ਮੰਨਦਾ ਹੈ।''[9]

ਐਤਵਾਰ ਦੇ ਦਿਨ ਦੀ ਖ਼ਾਸ ਅਹਿਮੀਅਤ ਹੈ ਜਿਵੇਂ ਕਿ ਯਿਸੂ ਵੱਲੋਂ ਆਪਣੇ ਜੀ ਉੱਠਣ ਦੇ ਬਾਅਦ ਦਿੱਤੇ ਗਏ ਦਰਸ਼ਣਾਂ ਤੋਂ ਵੀ ਪਤਾ ਲਗਦਾ ਹੈ।

> ਜੀ ਉੱਠਣ ਦੇ ਬਾਅਦ ਇੰਜੀਲ ਦੀਆਂ ਕਿਤਾਬਾਂ ਵਿਚ ਦਰਜ ਮਸੀਹ ਦੇ ਅੱਠਾਂ 'ਚੋਂ ਛੇ ਦਰਸ਼ਣ ਐਤਵਾਰ ਦੇ ਦਿਨ ਹੋਏ ਹਨ: (1) ਮਰੀਅਮ ਮਗਦਲੀਨੀ ਨੂੰ (ਯੂਹੰਨਾ 20:11-18); (2) ਉਨ੍ਹਾਂ ਔਰਤਾਂ ਨੂੰ ਜੋ ਉਸਦੀ ਦੇਹ ਤੇ ਲਾਉਣ ਲਈ ਮਸਾਲੇ ਲਿਆਈਆਂ ਸਨ (ਮੱਤੀ 28:7-10); (3) ਇਮਾਊਸ ਦੇ ਰਾਹ ਵਿਚ ਦੋ ਚੇਲਿਆਂ ਨੂੰ (ਲੂਕਾ 24:13-33); ਸ਼ਮਊਨ ਪਤਰਸ ਨੂੰ (ਲੂਕਾ 24:34); (5) ਦਸ ਚੇਲਿਆਂ ਨੂੰ ਜਦ ਥੋਮਾ ਉਨ੍ਹਾਂ ਦੇ ਨਾਲ ਨਹੀਂ ਸੀ (ਯੂਹੰਨਾ 20:19-23; ਤੁਲਨਾ ਕਰੋ ਲੂਕਾ 24:36-49) ਅਤੇ (6) ਗਿਆਰ੍ਹਾਂ ਚੇਲਿਆਂ ਨੂੰ ਜਦ ਥੋਮਾ ਉਨ੍ਹਾਂ ਦੇ ਨਾਲ ਸੀ (ਯੂਹੰਨਾ 20:24-29)।[10]

ਐਤਵਾਰ ਵਾਲੇ ਦਿਨ ਹੋਰ ਵੀ ਕਈ ਅਹਿਮ ਘਟਨਾਵਾਂ ਵਾਪਰੀਆਂ। ਪਸਾਹ ਦੇ ਪਰਬ ਦੇ ਬਾਅਦ ਐਤਵਾਰ ਵਾਲੇ ਦਿਨ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ। (ਮੱਤੀ 28:1) ਪੈਂਟੀਕਾਸਟ ਦਾ ਦਿਨ ਪੰਜਾਹ ਦਿਨਾਂ ਬਾਅਦ ਸ਼ੁਰੂ ਹੋਇਆ ਸੀ (ਲੇਵੀਆਂ 23:15, 16), ਜਿਸ ਦਾ ਭਾਵ ਇਹ ਹੋਇਆ ਕਿ ਕਲੀਸੀਆ ਦੀ ਸਥਾਪਨਾ ਅਤੇ ਪਵਿੱਤਰ ਆਤਮਾ ਦਾ ਦਿੱਤਾ ਜਾਣਾ ਐਤਵਾਰ ਪੈਂਟੀਕਾਸਟ ਵਾਲੇ ਦਿਨ ਹੋਇਆ ਸੀ (ਰਸੂਲਾਂ ਦੇ ਕੰਮ 2:1-4)।

ਸਬੂਤ ਇਹ ਸੰਕੇਤ ਦਿੰਦਾ ਹੈ ਕਿ ''ਪ੍ਰਭੂ ਦਾ ਦਿਨ'' ਯਿਸੂ ਦੇ ਸਨਮਾਨ ਅਤੇ ਯਾਦਗਾਰੀ ਲਈ ਇਕੱਠੇ ਹੋਣ ਲਈ ਮਸੀਹੀ ਲੋਕਾਂ ਲਈ ਇਕ ਖ਼ਾਸ ਦਿਨ ਸੀ। ਐਤਵਾਰ, ਭਾਵ ਹਫ਼ਤੇ ਦਾ ਦਿਨ ਬਿਤਾਉਣ ਲਈ ਅਰੰਭਿਕ ਲੇਖਕ ਇਸੇ ਸ਼ਬਦ ਦੀ ਵਰਤੋਂ ਕਰਦੇ ਸਨ।

## ਇਤਿਹਾਸਕ ਸਬੂਤ

ਜਿਨ੍ਹਾਂ ਲੋਕਾਂ ਨੇ ਚੇਲਿਆਂ ਦੇ ਇਕਦਮ ਬਾਅਦ ਵਿਚ ਲਿਖਿਆ, ਉਨ੍ਹਾਂ ਇਸ ਤੱਥ ਦੀ ਤਸਦੀਕ ਕੀਤੀ ਕਿ ਅਰੰਭਿਕ ਕਲੀਸੀਆ ਇਕ ਖ਼ਾਸ ਦਿਨ ਇਕੱਠੇ ਹੋਣ ਦੇ ਰੂਪ ਵਿਚ,

ਐਤਵਾਰ ਭਾਵ ਹਫ਼ਤੇ ਦੇ ਪਹਿਲੇ ਦਿਨ ਬੰਦਗੀ ਕਰਦੀ ਸੀ। ਇਨ੍ਹਾਂ ਲੇਖਕਾਂ ਵਿਚ ਦੂਜੀ ਸਦੀ ਦੇ ਲੇਖਕ ਵੀ ਸ਼ਾਮਲ ਹਨ (101ਈਸਵੀ-200ਈਸਵੀ):

> (1) ਇਗਨੇਸ਼ਿਅਸ ਇੱਥੇ ਉਨ੍ਹਾਂ ਲੋਕਾਂ ਦੀ ਗੱਲ ਕਰਦਾ ਹੈ ਜਿਨ੍ਹਾਂ ਨੂੰ ''ਨਵੀਂ ਆਸ ਮਿਲੀ ਹੈ, ਹੁਣ ਸੱਬਤ ਮੂਲ [ਮੂਲ. ''sabbathing''] ਨੂੰ ਨਹੀਂ ਮੰਨਦੇ ਬਲਕਿ ਪ੍ਰਭੂ ਦੇ ਦਿਨ [ਯੂ.:*kyriake,* ''ਦਿਨ'' ਲਈ ਬਿਨਾ ਸ਼ਬਦ ਦੇ] ਦੇ ਅਨੁਸਾਰ ਜ਼ਿੰਦਗੀ ਕੱਟ ਰਹੇ ਹਨ। ਜਿਸ ਤੇ ਸਾਡਾ ਜੀਵਨ ਉਸ ਵਿਚ ਅਤੇ ਉਸ ਦੀ ਮੌਤ ਦੇ ਰਾਹੀਂ ਸ਼ੁਰੂ ਹੋਇਆ ਸੀ'' (Magn. 9:1) Í *kyriake* ਇੱਥੇ ਪ੍ਰਕਾਸ਼ ਦੀ ਪੋਥੀ 1:10, ਵਿਚ ਵਰਤੇ ਇਜ਼ਹਾਰ ਦਾ ਸੰਖੇਪ ਰੂਪ ਲਗਦਾ ਹੈ ਅਤੇ ਸੰਦਰਭ ਦੇ ਨਾਲ-ਨਾਲ, ਇਹ ਤੱਥ ਆਇਤ ਦੇ ਅਨੁਵਾਦ ਵਿਚ ''ਦਿਨ'' ਸ਼ਬਦ ਦੀ ਵਰਤੋਂ ਵੱਲ ਲੈ ਜਾਂਦਾ ਹੈ। ਇਸ ਸੰਦਰਭ ਵਿਚ ਇਗਨੇਸ਼ੀਅਸ ਖ਼ਾਸ ਤੌਰ ਤੇ ਬੰਦਗੀ ਦਾ ਜ਼ਿਕਰ ਨਹੀਂ ਕਰਦਾ। (2) *Did.* 14:1 ਮਸੀਹੀ ਬੰਦਗੀ ਦੇ ਮੌਕੇ ਲਈ ਬੇਜੋੜ ਇਜ਼ਹਾਰ *kyriake kyriou* ਭਾਵ ''ਪ੍ਰਭੂ ਦਾ ਦਿਨ'' ਦੀ ਵਰਤੋਂ ਕਰਦਾ ਹੈ, ਪਰ ਸੱਬਤ ਨਾਲੋਂ ਇਸ ਮੌਕੇ ਨੂੰ ਫ਼ਰਕ ਨਹੀਂ ਕਰਦਾ ਹੈ। (3) ਇੰਜ, ਟਰਾਜਨ ਦੇ ਨਾਂਅ ਆਪਣੇ ਮਸ਼ਹੂਰ ਖ਼ਤ ਵਿਚ ਪਲਾਇਨੀ ਕਹਿੰਦਾ ਹੈ ਕਿ ਮਸੀਹੀ ਲੋਕ ਭਜਨ ਗਾਉਣ ਜਾਂ ਸ਼ਬਦਾਂ ਦੇ ਇਕ ਰੂਪ ਵਿਚ ਸ਼ਾਇਰੀ ਕਰਨ ਲਈ ਠਹਿਰਾਏ ਹੋਏ ਦਿਨ ਇਕੱਠੇ ਹੁੰਦੇ ਹਨ, ਪਰ ਉਹ ਦਿਨ ਨਹੀਂ ਦੱਸਦਾ ਹੈ। (4) Barn.15:9 ਪਹਿਲੇ ਦਿਨ ਪੁਰਾਣੇ ਸੰਸਾਰ ਦੇ ਅਠਵੇਂ ਦਿਨ ਦਾ ਮਹੱਤਵ ਵਿਖਾਉਂਦਾ ਹੈ, ਪਰ *kyriake* ਸ਼ਬਦ ਦੀ ਵਰਤੋਂ ਨਹੀਂ ਕਰਦਾ। ਇਕੱਠੇ ਹੋ ਕੇ ਇਹ ਸ਼ਬਦ ਇਹੀ ਅਰਥ ਦਿੰਦੇ ਹਨ ਕਿ ਮਸੀਹੀ ਲੋਕ ਹਫ਼ਤੇ ਦੇ ਪਹਿਲੇ ਦਿਨ, ਭਾਵ ਜੀ ਉੱਠਣ ਦੇ ਦਿਨ ਬੰਦਗੀ ਲਈ ਇਕੱਠੇ ਹੁੰਦੇ ਸਨ।[11]

ਇਗਨੇਸ਼ੀਅਸ, ਜੋ ਸ਼ਾਇਦ ਰਸੂਲ ਯੂਹੰਨਾ ਦਾ ਇਕ ਚੇਲਾ ਸੀ, ਨੇ *ਮੈਗਨਿਸ਼ੀਅੰਜ਼* ਲਿਖੀ ਸੀ ਪਲਾਇਨੀ ਮਸੀਹੀ ਤਾਂ ਨਹੀਂ ਸੀ, ਪਰ ਬਾਦਸ਼ਾਹ ਟਰਾਜਨ ਦੇ ਸਮੇਂ ਪੋਂਤੁਸ ਅਤੇ ਬਿਤੁਨਿਆ ਦਾ ਰੋਮੀ ਰਾਜਪਾਲ ਹੋਣ ਕਰਕੇ, ਉਸ ਨੂੰ ਮਸੀਹੀ ਗਤੀਵਿਧੀਆਂ ਦਾ ਗਿਆਨ ਜ਼ਰੂਰ ਸੀ। ਦੂਜੀ ਸਦੀ ਦੇ ਅਰੰਭ ਵਿਚ, ਉਸ ਨੇ ਮਸੀਹੀ ਲੋਕਾਂ ਬਾਰੇ ਟਰਾਜਨ ਨੂੰ ਇਕ ਖ਼ਤ ਲਿਖਿਆ ਸੀ। ਪਿੱਛੇ ਦਿੱਤੀ ਇਕ ਉਦਾਹਰਣ ਦਾ ਸੰਕੇਤ ਓਸੇ ਦਸਤਾਵੇਜ਼ ਵਿੱਚੋਂ ਲਿਆ ਗਿਆ ਹੈ ਕਿ ਉਹ ਦਿਨ ਚੜ੍ਹਨ ਤੋਂ ਪਹਿਲਾਂ ਇਕ ਠਹਿਰਾਏ ਦਿਨ ਇਕੱਠੇ ਹੁੰਦੇ ਸਨ।''[12]

ਲਗਭਗ ਓਸੇ ਸਮੇਂ ਲਿਖੀ ਗਈ *Didache* ਵਿਚ ਲਿਖਿਆ ਹੈ, ''ਪ੍ਰਭੂ ਦੇ ਆਪਣੇ ਦਿਨ ਇਕੱਠੇ ਹੋ ਕੇ ਆਪਣੀ ਕੁਰਬਾਨੀ ਨੂੰ ਸ਼ੁੱਧ ਕਰਨ ਲਈ ਆਪਣੇ ਪਾਪਾਂ ਨੂੰ ਮੰਨਣ ਬਾਅਦ ਰੋਟੀ ਤੋੜੋ ਅਤੇ ਧੰਨਵਾਦ ਦਿਓ, ਤਾਂ ਜੋ ਤੁਹਾਡੀ ਕੁਰਬਾਨੀ ਸ਼ੁੱਧ ਹੋ ਜਾਵੇ।[13]

ਬਰਨਬਾਸ ਦੀ ਕਾਲਪਨਿਕ ਪੱਤਰੀ ਵੀ ਦੂਜੀ ਸਦੀ ਦੇ ਅਰੰਭ ਵਿਚ ਲਿਖੀ ਗਈ ਸੀ। ਇਸ ਵਿਚ ਲਿਖਿਆ ਹੈ, ਅਸੀਂ ਅਠਵੇਂ ਦਿਨ ਨੂੰ ਵੀ ਅਨੰਦ ਲਈ ਮਨਾਉਂਦੇ ਹਾਂ, ਜਿਸ ਵਿਚ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ, ... ।''[14] ਮਸੀਹੀ ਜਸਟਿਨ ਮਾਰਟਿਨ ਨੇ ਵਿਸਥਾਰ ਵਿਚ ਦੱਸਿਆ ਕਿ ਇਸ ਨੂੰ ਅਠਵਾਂ ਦਿਨ ਕਿਉਂ ਕਿਹਾ ਜਾਂਦਾ ਹੈ, ''ਕਿਉਂਕਿ ਹਫ਼ਤੇ ਦਾ ਪਹਿਲਾਂ ਦਿਨ, ਹੋਰ ਸਭ ਦਿਨਾਂ ਨਾਲੋਂ ਪਹਿਲਾ ਤਾਂ ਹੈ, ਪਰ ਚੱਕਰ ਵਿਚ ਦਿਨਾਂ ਦੀ ਗਿਣਤੀ ਅਨੁਸਾਰ

ਅਠਵਾਂ ਹੀ ਹੈ (ਜਦਕਿ ਹੈ ਇਹ ਪਹਿਲਾ ਹੀ)।''[15]

ਮਸੀਹੀ ਸਭਾਵਾਂ ਦੇ ਸਬੰਧ ਵਿਚ ਦੂਜੀ ਸਦੀ ਦੇ ਕਰੀਬ ਜਸਟਿਸ ਮਾਰਟਿਨ ਨੇ ਲਿਖਿਆ:

> ਅਤੇ ਉਹ ਦਿਨ ਜਿਸ ਨੂੰ ਐਤਵਾਰ ਕਿਹਾ ਜਾਂਦਾ ਹੈ ਇਕ ਨਗਰ ਜਾਂ ਕਸਬੇ ਦੇ ਜ਼ਿਲ੍ਹੇ ਵਿਚ ਰਹਿਣ ਵਾਲੇ ਸਭ ਲੋਕ ਇੱਕੋ ਥਾਂ ਇਕੱਠੇ ਹੁੰਦੇ ਸਨ। ਰਸੂਲਾਂ ਦੇ ਲੇਖ ਜਾਂ ਨਬੀਆਂ ਦੀਆਂ ਕਿਤਾਬਾਂ, ਜਦ ਤਕ ਸਮਾਂ ਮਿਲਦਾ ਪੜ੍ਹੀਆਂ ਜਾਂਦੀਆਂ ਹਨ।[16]

> ਪਰ ਐਤਵਾਰ ਹੀ ਉਹ ਦਿਨ ਹੈ ਜਿਸ ਦਿਨ ਅਸੀਂ ਆਪਣੀ ਆਮ ਸਭਾ ਕਰਦੇ ਹਾਂ, ਕਿਉਂਕਿ ਉਹ ਪਹਿਲਾ ਦਿਨ ਹੈ, ਜਿਸ ਵਿਚ ਪਰਮੇਸ਼ੁਰ ਨੇ, ਹਨ੍ਹੇਰੇ ਅਤੇ ਪਦਾਰਥ ਨੂੰ ਬਦਲ ਕੇ, ਸੰਸਾਰ ਦੀ ਰਚਨਾ ਕੀਤੀ; ਅਤੇ ਯਿਸੂ ਮਸੀਹ ਸਾਡਾ ਮੁਕਤੀਦਾਤਾ ਇਸੇ ਦਿਨ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ।[17]

ਉਸਨੇ ਇਹ ਵੀ ਲਿਖਿਆ ਕਿ ਇਸ ਦਿਨ ਉਹ ''ਹਰੇਕ ਆਪਣੀ ਮਰਜ਼ੀ ਮੁਤਾਬਿਕ'' ਦਿੰਦੇ ਸਨ,[18] ਜੋ ਨਾ ਸਿਰਫ਼ ਇਹ ਸੰਕੇਤ ਦਿੰਦਾ ਹੈ ਕਿ ਮਸੀਹੀ ਲੋਕ ਸੱਬਤ ਵਾਲੇ ਦਿਨ ਬੰਦਗੀ ਨਹੀਂ ਕਰਦੇ ਸਨ ਬਲਕਿ ਇਹ ਵੀ ਕਿ ਪੁਰਾਣੇ ਨੇਮ ਵਿਚ ਦਿੱਤੇ ਗਏ ਹੁਕਮ ਮੁਤਾਬਕ ਦਸਵੰਧ ਨਹੀਂ ਦਿੰਦੇ ਸਨ।

ਜਸਟਿਨ ''ਜਦ ਤਕ ਸਮਾਂ ਮਿਲਦਾ'' ਕਥਨ ਵਿਚ ਸੁਝਾਅ ਹੈ ਕਿ ਮਸੀਹੀਆਂ ਕੋਲ ਸਮਾਂ ਘੱਟ ਹੁੰਦਾ ਸੀ ਕਿਉਂਕਿ ਉਹ ਸਵੇਰ ਹੋਣ ਤੋਂ ਪਹਿਲਾਂ ਹੀ ਇਕੱਠੇ ਹੁੰਦੇ ਸਨ ਤਾਂ ਜੋ ਮਿਲਣ ਦੇ ਬਾਅਦ ਆਪਣੇ ਕੰਮ-ਕਾਰ ਤੇ ਜਾ ਸਕਣ। ਜੇ ਉਹ ਯਹੂਦੀਆਂ ਦੇ ਸੱਬਤ ਵਾਲੇ ਦਿਨ ਬੰਦਗੀ ਕਰਦੇ ਹੁੰਦੇ ਤਾਂ ਉਨ੍ਹਾਂ ਕੰਮ ਤੇ ਨਹੀਂ ਜਾਣਾ ਸੀ ਬਲਕਿ ਸਮੇਂ ਦੀ ਹੱਦੋਂ ਬਿਨਾ ਬੰਦਗੀ ਲਈ ਪੂਰਾ ਦਿਨ ਅਰਾਮ ਕਰਦੇ।

ਆਪਣੀ ਕਿਤਾਬ *ਡਾਇਲਾਗ ਵਿਦ ਟ੍ਰਾਇਫ਼ੋ* ਵਿਚ ਜਸਟਿਨ ਨੇ ਲਿਖਿਆ ਹੈ, ''ਮਿੱਤਰੋ, ਕੋਈ ਹੋਰ ਗੱਲ ਨਹੀਂ ਹੈ, ਜਿਸ ਲਈ ਤੁਸੀਂ ਸਾਡੇ ਤੇ ਦੋਸ਼ ਲਗਾਓ, ਜਾਂ ਹੈ? ਕਿ ਅਸੀਂ ਸ਼ਰ੍ਹਾ ਅਨੁਸਾਰ ਨਹੀਂ ਰਹਿੰਦੇ, ਨਾ ਹੀ ਤੁਹਾਡੇ ਪਿਓ ਦਾਦਿਆਂ ਵਾਂਗ ਖਲੜੀ ਦੀ ਸੁੰਨਤ ਕਰਵਾਉਂਦੇ ਹਾਂ ਅਤੇ ਨਾ ਹੀ ਅਸੀਂ ਤੁਹਾਡੇ ਵਾਂਗ ਸੱਬਤ ਨੂੰ ਮਨਾਉਂਦੇ ਹਨ।''[19]

170ਈਸਵੀ ਵਿਚ ਰੋਮ ਦੀ ਕਲੀਸੀਆ ਦੇ ਨਾਂਅ ਇਕ ਖ਼ਤ ਵਿਚ, ''ਕੁਰਿੰਥਸ ਦੇ ਬਿਸ਼ਪ ਡਾਇਨੀਸ਼ੀਅਸ ਨੇ ਲਿਖਿਆ ਕਿ ਅੱਜ ਅਸੀਂ ਪ੍ਰਭੂ ਦਾ ਪਵਿੱਤਰ ਦਿਨ ਬਿਤਾਇਆ ਹੈ, ਜਿਸ ਵਿਚ ਅਸੀਂ ਤੁਹਾਡੀ ਪੱਤਰੀ ਨੂੰ ਪੜ੍ਹਿਆ।''[20]

178ਈਸਵੀ ਦੇ ਲਗਭਗ, ਲਿਓਨਜ਼ ਦੇ ਬਿਸ਼ਪ ਇਰੇਨਿਉਸ ਨੇ ''ਸਾਡੇ ਪ੍ਰਭੂ ਦੇ ਮੁੜ ਜੀ ਉੱਠਣ ਦੇ ਭੇਤ ਨੂੰ ਸਿਰਫ਼ ਪ੍ਰਭੂ ਦੇ ਦਿਨ ਮਨਾਉਣ ਦੇ ਫ਼ਰਜ਼ ਨੂੰ ਬਣਾਈ ਰੱਖਦਿਆਂ, ਰੋਮ ਦੇ ਬਿਸ਼ਪ ਦੇ ਨਾਂਅ ਲਿਖਿਆ।''[21] ਇਕ ਲੇਖਕ ਨੇ ਨਿਚੋੜ ਕੱਢਿਆ ਹੈ:

> ਇਨ੍ਹਾਂ ਗਵਾਹੀਆਂ ਤੋਂ ਪਤਾ ਲਗਦਾ ਹੈ ਕਿ [ਦੂਜੀ ਸਦੀ] ਵਿਚ ਐਤਵਾਰ ਦਾ ਦਿਨ ਮਸੀਹ ਦੇ ਮੁੜ ਜੀ ਉੱਠਣ ਨੂੰ ਮਨਾਉਣ ਵਿਚ ਮਸੀਹੀ ਬੰਦਗੀ ਦੇ ਰੂਪ ਵਿਚ ਮਨਾਇਆ ਜਾਂਦਾ ਸੀ। ਕੋਈ ਅਜਿਹਾ ਸੰਕੇਤ ਨਹੀਂ ਹੈ ਕਿ ਇਸ ਸਮੇਂ ਦੌਰਾਨ ਐਤਵਾਰ ਨੂੰ ਅਰਾਮ ਦਿਨ ਦੇ ਰੂਪ ਵਿਚ ਮਨਾਇਆ ਜਾਂਦਾ ਹੋਵੇ ਜਾਂ ਇਸ ਦਾ ਮਨਾਇਆ ਜਾਣਾ ਕਿਸ ਵੀ ਤਰ੍ਹਾਂ

ਯਹੂਦੀ ਸੱਬਤ ਦੇ ਮਨਾਏ ਜਾਣ ਨਾਲ ਜੁੜਿਆ ਹੋਵੇ।[22]

ਤੀਜੀ ਸਦੀ ਦਾ ਠੋਸ ਸਬੂਤ (201-300ਈਸਵੀ) ਵਿਖਾਉਂਦਾ ਹੈ ਕਿ ਮਸੀਹੀ ਲੋਕ ਐਤਵਾਰ ਭਾਵ ਹਫ਼ਤੇ ਦੇ ਪਹਿਲੇ ਦਿਨ ਇਕੱਠੇ ਹੁੰਦੇ ਸਨ।

201ਈਸਵੀ ਦੇ ਲਗਭਗ ਟਰਟੂਲਿਅਨ ਨੇ ਲਿਖਿਆ ਕਿ ''ਦੂਜੇ ਲੋਕਾਂ ਨੂੰ ... ਲੱਗਦਾ ਹੈ ਕਿ ਸੂਰਜ ਮਸੀਹੀ ਲੋਕਾਂ ਦਾ ਦੇਵਤਾ ਹੈ, ਕਿਉਂਕਿ ਇਹ ਤੱਥ ਮਸ਼ਹੂਰ ਹੈ ਕਿ ਅਸੀਂ ਐਤਵਾਰ ਵਾਲੇ ਦਿਨ ਨੂੰ ਅਨੰਦ ਦਾ ਦਿਨ ਮਨਾਉਂਦੇ ਹਾਂ।''[23] ਉਸਨੇ ਇਹ ਵੀ ਲਿਖਿਆ ਕਿ ''ਸੱਬਤ ਸਾਡੇ ਲਈ ਬੇਗਾਨੇ ਹਨ।''[24]

200ਈਸਵੀ ਦੇ ਲਗਭਗ ਬਾਰਡਸੈਂਸ ਨੇ ਲਿਖਿਆ, ''ਇਕ ਦਿਨ, ਭਾਵ ਹਫ਼ਤੇ ਦੇ ਪਹਿਲੇ ਦਿਨ ਅਸੀਂ ਇਕ ਦੂਜੇ ਨਾਲ ਇਕੱਠੇ ਹੁੰਦੇ ਹਾਂ ... ।''[25]

ਤੀਜੀ ਸਦੀ ਦੇ ਅਖ਼ੀਰ ਵਿਚ ਲਿਖੀ ਗਈ, *ਦਿ ਟੀਚਿੰਗ ਆਫ਼ ਦ ਅਪੌਸਟਲ* ਵਿਚ ਇਹ ਹਦਾਇਤ ਮਿਲਦੀ ਹੈ:

> ਰਸੂਲਾਂ ਨੇ ਇਹ ਵੀ ਠਹਿਰਾਇਆ: ਹਫ਼ਤੇ ਦੇ ਪਹਿਲੇ ਦਿਨ ਬੰਦਗੀ, ਅਤੇ ਪਵਿੱਤਰ ਲਿਖਤ ਵਿੱਚੋਂ ਪੜ੍ਹਿਆ ਅਤੇ ਭੋਜ ਲਿਆ ਜਾਵੇ: ਕਿਉਂਕਿ ਹਫ਼ਤੇ ਦੇ ਪਹਿਲੇ ਦਿਨ ਸਾਡਾ ਪ੍ਰਭੂ ਮੁਰਦਿਆਂ ਵਿੱਚੋਂ ਜੀ ਉੱਠਿਆ ਅਤੇ ਹਫ਼ਤੇ ਦੇ ਪਹਿਲੇ ਦਿਨ ਉਹ ਸੁਰਗ ਤੇ ਉਠਾ ਲਿਆ ਗਿਆ ਅਤੇ ਅੰਤ ਵਿਚ ਹਫ਼ਤੇ ਦੇ ਪਹਿਲੇ ਦਿਨ ਉਹ ਸੁਰਗ ਦੂਤਾਂ ਸਣੇ ਪਰਗਟ ਹੋਵੇਗਾ।[26]

ਕਾਰਥੇਜ ਦੇ ਬਿਸ਼ਪ ਸਿਪਰੀਅਮ ਨੇ ਕਿਹਾ ਅਠਵੇਂ ਦਿਨ ਸੁੰਨਤ ਕੀਤੇ ਜਾਣ ਦੀ ਰਸਮ ਅਠਵੇਂ ਦਿਨ ਬੰਦਗੀ ਤੋਂ ਲਈ ਗਈ। ਉਸ ਨੇ ਕਾਰਥੇਜ ਦੀ ਤੀਜੀ ਸਭਾ 253 ਈਸਵੀ ਵਿਚ ਇਕ ਪੱਤਰ ਲਿਖਿਆ:

> ਕਿਉਂਕਿ ਅਠਵਾਂ ਦਿਨ ... ਪ੍ਰਭੂ ਦੇ ਜੀ ਉੱਠਣ ਦਾ ਦਿਨ ਹੋਣਾ ਸੀ ... ਅਤੇ ਸਾਨੂੰ ਰੂਹ ਦੀ ਸੁੰਨਤ ਦਿੰਦਾ ਹੈ ਇਸ ਲਈ ਅਠਵਾਂ ਦਿਨ ... ਪ੍ਰਭੂ ਦੇ ਦਿਨ ਦਾ ਲੱਛਣ ਪਹਿਲਾਂ ਹੀ ਸੀ।[27]

ਇਹ ਮੇਲ ਖਾਂਦੀਆਂ ਗਵਾਹੀਆਂ ਵਿਖਾਉਂਦੀਆਂ ਹਨ ਕਿ ਮਸੀਹੀ ਲੋਕ ਸ਼ੁਰੂ ਤੋਂ ਹੀ ਐਤਵਾਰ ਨੂੰ ਬੰਦਗੀ ਦੇ ਦਿਨ ਦੇ ਰੂਪ ਵਿਚ ਵਰਤੋਂ ਕਰਦੇ ਹਨ। ਇਹ ਸਭ ਹਵਾਲੇ 306-337ਈਸਵੀ ਵਿਚ ਕਾਂਸਟੈਂਟਾਈਨ ਦੇ ਰੋਮੀ ਸਾਮਰਾਜ ਦਾ ਬਾਦਸ਼ਾਹ ਬਣਨ ਨਾਲ ਦੁਹਰਾਏ ਗਏ ਸਨ। ਜੋ ਲੋਕ ਇਹ ਆਖਦੇ ਹਨ ਕਿ ਉਸ ਨੇ ਮਸੀਹੀ ਬੰਦਗੀ ਨੂੰ ਸਨਿੱਚਰਵਾਰ ਤੋਂ ਐਤਵਾਰ ਵਿਚ ਬਦਲ ਦਿੱਤਾ, ਉਹ ਆਪਣੇ ਤਰਕ ਦੇ ਵਿਰੁੱਧ ਪਾਏ ਜਾਣ ਵਾਲੇ ਸਬੂਤ ਤੋਂ ਮਜਬੂਰ ਹੋ ਕੇ ਅਜਿਹਾ ਕਰਦੇ ਹਨ। ਉਸਨੇ ਮਸੀਹੀ ਬੰਦਗੀ ਦੇ ਦਿਨ ਨੂੰ ਸੱਬਤ ਤੋਂ ਐਤਵਾਰ ਵਿਚ ਨਹੀਂ ਬਦਲਿਆ; ਬਲਕਿ 321ਈਸਵੀ ਵਿਚ ਉਸ ਨੇ ਫ਼ਰਮਾਨ ਜਾਰੀ ਕੀਤਾ ਕਿ ਉਹ ਦਿਨ ਜਿਸ ਵਿਚ ਮਸੀਹੀ ਲੋਕ ਪਹਿਲਾਂ ਹੀ ਬੰਦਗੀ ਕਰਦੇ ਸਨ, ਹਕੂਮਤ ਦੇ ਸਭ ਧਾਰਮਿਕ ਗੁੱਟਾਂ ਵੱਲੋਂ ਬੰਦਗੀ ਲਈ ਇਕ ਪੱਕਾ ਸਰਕਾਰੀ ਛੁੱਟੀ ਦਾ ਦਿਨ ਹੋਵੇਗਾ।

ਕਲੀਸੀਆ ਦੇ ਸ਼ੁਰੂਆਤੀ ਲੇਖਕਾਂ ਦੇ ਕਥਨਾਂ ਲਈ ਦੁਹਰਾਉਣ ਨਾਲ ਐਵਰੱਟ ਫ਼ਰਗਿਊਸਨ ਨੇ ਟਿੱਪਣੀ ਕੀਤੀ, ''ਮੁੱਢਲੇ ਮਸੀਹੀ ਲੋਕਾਂ ਦੀ ਬੰਦਗੀ ਦੇ ਦਿਨ ਦਾ ਸਬੂਤ ਸਪੱਸ਼ਟ ਹੈ ਅਤੇ ਇਸ ਵਿਚ ਕੋਈ ਦੋ ਰਾਏ ਨਹੀਂ ਹੈ। ਉਹ ਲੋਕ ਯਹੂਦੀਆਂ ਵਾਂਗ ਸਤਵੇਂ ਦਿਨ ਭਾਵ ਹਫ਼ਤੇ ਵਾਲੇ ਦਿਨ ਨਹੀਂ, ਬਲਕਿ ਹਫ਼ਤੇ ਦੇ ਪਹਿਲੇ ਦਿਨ, ਮਸੀਹ ਦੇ ਜੀ ਉੱਠਣ ਵਾਲੇ ਦਿਨ ਇਕੱਠੇ ਹੁੰਦੇ ਸਨ।''[28]

ਕੁਝ ਲੋਕ ਜੋ ਐਤਵਾਰ ਵਾਲੇ ਦਿਨ ਬੰਦਗੀ ਕਰਨ ਤੇ ਇਤਰਾਜ਼ ਕਰਦੇ ਹਨ, ਇਹ ਤਰਕ ਦਿੰਦੇ ਹਨ ਅਜਿਹਾ ਕਰਨਾ ਇਸ ਲਈ ਗ਼ਲਤ ਹੈ ਕਿਉਂਕਿ ਇਸ ਦਿਨ ਦਾ ਨਾਂਅ ਸੂਰਜ ਦੇਵਤਾ ਦੀ ਵਡਿਆਈ ਵਿਚ ਰੱਖਿਆ ਗਿਆ ਹੈ। ਜੇ ਇਹ ਸਹੀ ਤਰਕ ਹੈ, ਤਾਂ ਸਨਿੱਚਰਵਾਰ ਵਾਲੇ ਦਿਨ ਵੀ ਬੰਦਗੀ ਕਰਨਾ ਗਲਤ ਹੋਵੇਗਾ, ਕਿਉਂਕਿ ਇਹ ਦਿਨ ਸ਼ਨੀ ਵਾਰ ਭਾਵ ਖੇਤੀਬਾੜੀ ਦੇ ਰੋਮੀ ਦੇਵਤੇ ਦੇ ਨਾਂਅ 'ਤੇ ਹੈ।

## ਸਾਰ

ਸਾਰੀ ਇਤਿਹਾਸਕ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਮੁੱਢ ਤੋਂ ਹੀ ਮਸੀਹੀ ਲੋਕ ਐਤਵਾਰ ਭਾਵ ਹਫ਼ਤੇ ਦੇ ਪਹਿਲੇ ਦਿਨ; ਰੋਟੀ ਤੋੜਦੇ ਅਤੇ ਦਾਖ ਦਾ ਰਸ ਪੀ ਕੇ ਯਿਸੂ ਦੇ ਸਤਿਕਾਰ ਅਤੇ ਉਸ ਦੀ ਯਾਦਗਾਰ ਮਨਾਉਣ ਨੂੰ ਇਕੱਠੇ ਹੁੰਦੇ ਸਨ। ਅਜਿਹਾ ਉਹ ਸੱਬਤ ਵਾਲੇ ਦਿਨ ਨਹੀਂ ਕਰਦੇ ਸਨ। ਯਹੂਦੀ (ਗ਼ੈਰਕੌਮ ਨਹੀਂ) ਮਸੀਹੀ ਜੋ ਇਸਰਾਏਲ ਵਿਚ ਰਹਿੰਦੇ ਸਨ ਅਤੇ ਉਹ ਜੋ ਖਿੰਡ-ਪੁੰਡ ਗਏ ਸਨ, ਸੱਬਤ ਵਾਲੇ ਦਿਨ ਅਰਾਮ ਕਰਦੇ ਸਨ। ਪਰ ਅਜਿਹਾ ਕਰਨ ਵਾਲੇ ਲੋਕ ਵੀ ਐਤਵਾਰ ਨੂੰ ਪ੍ਰਭੂ ਭੋਜ ਲੈਂਦੇ ਸਨ।

ਵਿੱਲੀ ਰੋਰਡਰਫ਼ ਨੇ ਸਹੀ ਨਿਚੋੜ ਕੱਢਿਆ:

> ... ਪ੍ਰਾਚੀਨ ਕਲੀਸੀਆ ਵਿਚ ਪ੍ਰਭੂ ਭੋਜ ਮਨਾਉਣ ਲਈ ਸਥਾਨਕ ਕਲੀਸੀਆ ਦੇ ਇਕੱਠੇ ਹੋਏ ਬਿਨਾ ਐਤਵਾਰ ਦਾ ਦਿਨ ਬੀਤਣ ਦੀ ਸੋਚ ਵੀ ਨਹੀਂ ਸਕਦੇ ਸਨ। ਐਤਵਾਰ ਪੂਰੀ ਤਰ੍ਹਾਂ ਨਾਲ, ਪ੍ਰਭੂ-ਭੋਜ ਦੇ ਬਗ਼ੈਰ ਨਹੀਂ ਹੁੰਦਾ ਸੀ; ਪ੍ਰਭੂ-ਭੋਜ ਬੰਦਗੀ ਦਾ ਅਹਿਮ ਹਿੱਸਾ ਹੁੰਦਾ ਸੀ ਜਿਸ ਦੇ ਆਲੇ-ਦੁਆਲੇ ਬੰਦਗੀ ਦੇ ਦੂਜੇ ਹਿੱਸਿਆਂ ਦੀ ਥਾਂ ਹੁੰਦੀ ਸੀ। ਹੋਰਨਾਂ ਮੌਕਿਆਂ ਤੇ ਆਮ ਦੁਆ ਲਈ ਜਾਂ ਆਮ ਭੋਜਨ ਲਈ ਵੀ ਇਕੱਠ ਹੁੰਦਾ ਸੀ, ਪਰ ਐਤਵਾਰ ਵਾਲੇ ਦਿਨ ਪ੍ਰਭੂ ਭੋਜ ਲਈ ਹੀ ਹੁੰਦਾ ਸੀ।[29]

ਮਸੀਹੀ ਲੋਕਾਂ ਲਈ ਐਤਵਾਰ ਦਾ ਦਿਨ, ਅਰਾਮ ਲਈ ਨਹੀਂ ਬਲਕਿ ਬੰਦਗੀ ਲਈ ਇਕ ਖ਼ਾਸ ਦਿਨ ਹੈ। ਖ਼ਾਸ ਤੌਰ ਤੇ ਮਸੀਹੀ ਲੋਕ ਉਸ ਦਿਨ ਯਿਸੂ ਦੀ ਯਾਦਗਾਰੀ ਵਿਚ ਪ੍ਰਭੂ-ਭੋਜ ਖਾਂਦੇ ਰਹਿਣ ਲਈ ਇਕੱਠੇ ਹੁੰਦੇ ਹਨ, ਜਦ ਤਕ ਉਹ ਦੁਬਾਰਾ ਨਹੀਂ ਆ ਜਾਂਦਾ (1 ਕੁਰਿੰਥੀਆਂ 11:26)।

---

ਟਿੱਪਣੀਆਂ

[1]ਜੇ. ਡੀ. ਡਗਲਸ, ਸੰਪਾ. *ਦਿ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਦ ਬਾਈਬਲ,* ਸਧਾ. ਅੰਕ ਮੈਰਿਲ ਸੀ. ਟੈਨੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਰੀਜੈਂਸੀ ਰੈਫਰੈਂਸ ਲਾਇਬ੍ਰੇਰੀ, ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1987),

**s.v.** ਵਾਲਟਰ ਡਬਲਿਊ. ਵੈਸਲ ਦੇ ''ਸਿਨਾਗੋਗ'' 'ਚੋਂ।[2]ਐੱਫ਼. ਐੱਫ਼. ਬਰੂਸ, *ਕਮੈਂਟਰੀ ਆਨ ਦ ਬੁਕ ਆਫ਼ ਐਕਟਸ,* ਦਿ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ, ਸਧਾ. ਅੰਕ ਐੱਫ਼. ਐੱਫ਼. ਬਰੂਸ (ਗ੍ਰੈਂਡ ਰੈਪਿਡਸ ਮਿਸ਼ਿਗਨ: ਵਿਲੀਅਮ ਬ੍ਰੋਮਿਲੇ ਈਡਰਮੈਂਸ ਪਬਲਿਸ਼ਿੰਗ ਕੰ., 1986), 407-8. [3]ਸਾਈਮਨ ਜੇ. ਕਿਸਟਮੇਕਰ, *ਨਿਊ ਟੈਸਟਾਮੈਂਟ ਕਮੈਂਟਰੀ: ਐਕਸਪੋਜ਼ੀਸ਼ਨ ਆਫ਼ ਦ ਐਕਟਸ ਆਫ਼ ਦ ਅਪੌਸਟਲਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1990), 716. [4]ਵਿਲੀ ਰੌਰਡਰਫ਼, *ਸੰਡੇ,* ਅਨੁਵਾਦ ਏ. ਏ.ਕੇ. ਗ੍ਰਾਹਮ (ਫ਼ਿਲਾਡੈਲਫ਼ੀਆ: ਵੈਸਟਮਿਨਸਟਰ ਪ੍ਰੈੱਸ, 1968), 221. [5]ਜੇ. ਡਬਲਿਊ. ਮੈਕਗਰਵੇ, *ਨਿਊ ਕਮੈਂਟਰੀ ਆਨ ਦ ਐਕਟਸ ਆਫ਼ ਅਪੌਸਟਲਜ਼,* ਜਿਲਦ 2 (ਲੈਕਿਸੰਗੇਸਟਨ, ਕੈਂਟਕੀ: ਪੰਨਾ ਰਹਿਤ, 1892; ਰੀਪ੍ਰਿੰਟ, ਡਿਲਾਈਟ, ਆਰਕੈਂਸਾ: ਗੌਸਪਲ ਲਾਈਟ, ਮਿਤੀ ਰਹਿਤ), 179. [6]*ਦਿ ਇੰਟਰਲੀਨੀਅਰ NASB-NIV ਪੈਰੇਲਲ ਨਿਊ ਟੈਸਟਾਮੈਂਟ ਇਨ ਗ੍ਰੀਕ ਐਂਡ ਇੰਗਲਿਸ਼,* ਇੰਟਰਲੀਨੀਅਰ ਅਨੁ. ਐਲਫ਼ਰੱਡ ਮਾਰਸ਼ਲ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1993), 702. [7]*ਦਿ ਜ਼ੌਂਡਰਵਨ ਪਿਕਟੋਰੀਅਲ ਇਨਸਾਈਕਲੋਪੀਡੀਆ ਆਫ਼ ਦ ਬਾਈਬਲ,* ਜਿਲਦ 3, ਸਧਾ. ਅੰਕ. ਮੈਰਿਲ ਸੀ. ਟੈਨੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਰੀਜੈਂਸੀ ਰੈਫ਼ਰੈਂਸ ਲਾਇਬ੍ਰੇਰੀ, ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1975), 965 ਵਿਚ ਐੱਚ. ਵਾਟਰਮੈਨ, ''ਦ ਲਾਰਡ'ਜ਼ ਡੇ।'' [8]ਐਵਰੱਟ ਫ਼ਰਗਿਊਸਨ, *ਅਰਲੀ ਕ੍ਰਿਸਚਿਅੰਜ਼ ਸਪੀਕ* (ਅਬਿਲੇਨ, ਟੈਕਸਸ: ਬਿਬਲੀਕਲ ਰਿਸਰਚ ਪ੍ਰੈੱਸ, 1971), 68 ਵਿਚ ਦੁਹਰਾਇਆ ਗਿਆ *ਗੌਸਪਲ ਆਫ਼ ਪੀਟਰ* 12:50. [9]ਫ਼ਰਗਿਊਸਨ, 68 ਵਿਚ ਦੁਹਰਾਇਆ ਗਿਆ ਕਲੇਮੈਂਟ ਆਫ਼ ਅਲੈਗਜ਼ੈਂਡ੍ਰੀਆ *ਮਿਸਲੇਨੀਸ* **VII. xii.** 76:4 [10]ਵਾਟਰਮੈਨ, 964.

[11]*ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਈਕਲੋਪੀਡੀਆ,* ਸਧਾ. ਅੰਕ. ਜੈਫ਼ਰੀ ਡਬਲਊ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬ੍ਰੋਮਿਲੇ ਈਰਡਮੈਂਸ ਪਬਲਿਸ਼ਿੰਗ ਕੰ., 1986), 3:159 ਵਿਚ ਜੈਫ਼ਰੀ ਡਬਲਊ. ਬ੍ਰੋਮਿਲੇ, ''ਲੌਰਡ'ਜ਼ ਡੇ।'' [12]ਫ਼ਰਗਿਊਸਨ, 81 ਵਿਚ ਦੁਹਰਾਇਆ ਗਿਆ, ਪਲਾਇਨੀ *ਲੈਟਰਜ਼* X.xcvi. [13]ਜੇ. ਬੀ. ਲਾਈਟਫੁੱਟ, ਅਨੁ. ਸੰਪਾ. *ਦਿ ਅਪੌਸਟਲਿਕ ਫ਼ਾਦਰਜ਼,* ਸੰਪਾ. ਅਤੇ ਪੂਰਣ ਕਰਤਾ ਜੇ. ਆਰ. ਹਾਰਮਰ (ਲੰਡਨ: ਮੈਕਮਿਲਨ ਐਂਡ ਕੰ., 1891; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਊਸ, 1971), 128 ਵਿਚ *ਡਿਡੇਕ।* [14]ਲਾਈਟਫੁੱਟ, 152 ਵਿਚ *ਐਪਿਸਟਲ ਆਫ਼ ਬਰਨਬਾਸ* 15. [15]ਫ਼ਰਗਿਊਸਨ, 68 ਵਿਚ ਦੁਹਰਾਇਆ ਗਿਆ ਜਸਟਿਨ ਮਾਰਟਿਨ *ਡਾਇਲਾਗ ਵਿਦ ਟ੍ਰਾਇਫ਼ੋ* 41:4. [16]ਜਸਟਿਨ ਮਾਰਟਿਰ, *ਅਪੋਲੋਜੀ I* 67.3 [17]ਜਸਟਿਨ ਮਾਰਟਿਰ, *ਅਪੋਲੋਜੀ I* 67.7. [18]ਜਸਟਿਨ ਮਾਰਟਿਰ, *ਅਪੋਲੋਜੀ I* 67.6 [19]ਫ਼ਰਗਿਊਸਨ, 68 ਵਿਚ ਦੁਹਰਾਇਆ ਗਿਆ, ਜਸਟਿਨ ਮਾਰਟਿਰ *ਡਾਇਲੌਗ ਵਿਦ ਟ੍ਰਾਇਫ਼ੋ* 10:1. [20]ਯੂਸਬਿਉਸ *ਏਕਲੇਸਿਏਸਟਿਕਲ ਹਿਸਟਰੀ* 4.23 ਵਿਚ ਵਿਚ ਦੁਹਰਾਇਆ ਗਿਆ।

[21]ਯੂਸਬਿਉਸ 5.24 ਵਿਚ ਦੁਹਰਾਇਆ ਗਿਆ, ਇਰੇਨਿਉਸ। [22]ਵਾਟਰਮੈਨ, 966. [23]ਟਰਟੂਲੀਅਨ *ਟੂ ਦ ਨੇਸ਼ੰਜ਼* 1.13. [24]ਫ਼ਰਗਿਊਸਨ, 68 ਵਿਚ ਦੁਹਰਾਇਆ ਗਿਆ, ਟਰਟੂਲੀਅਨ *ਆਨ ਆਈਡੋਲੇਟਰੀ* 14.6. [25]ਫ਼ਰਗਿਊਸਨ, 69 ਵਿਚ ਦੁਹਰਾਇਆ ਗਿਆ ਬਾਰਡਸੇਨਜ਼ *ਆਨ ਫ਼ੇਟ।* [26]ਦਿ ਐਂਟੀ ਨਾਈਸੀਨ ਫ਼ਾਦਰਜ਼, ਜਿਲਦ 8, 668, *ਦਿ ਟੀਚਿੰਗ ਆਫ਼ ਦ ਅਪੌਸਟਲਜ਼।* [27]ਵਾਟਰਮੈਨ, 966 ਵਿਚ ਦੁਹਰਾਇਆ ਗਿਆ ਸਾਇਪ੍ਰੀਅਨ, *ਐਪਿਸਟਲ* 64.4.[28]ਫ਼ਰਗਿਊਸਨ, 70. [29]ਰੋਲਡੋਫ਼, 305.